# ਛੁਟਕਾਰਾ ਲਾਗੂ ਹੋਇਆ

ਰਸੂਲਾਂ ਦੇ ਕੰਮ ਕਿਤਾਬ ਬਹੁਤ ਸਾਰੀਆਂ ਅਚਰਜ ਨਬੂਵਤਾਂ ਦਾ ਜਵਾਬ ਦਿੰਦੀ ਹੈ। ਜੇ ਬਾਈਬਲ 'ਚੋਂ ਇਹ ਕਿਤਾਬ ਕੱਢ ਦਿੱਤੀ ਜਾਂਦੀ, ਤਾਂ ਪੁਰਾਣੇ ਨੇਮ ਦਾ ਕੋਈ ਮਤਲਬ ਨਹੀਂ ਰਹਿ ਜਾਣਾ ਸੀ ਕਿਉਂਕਿ ਬਹੁਤ ਸਾਰੀਆਂ ਮੁੱਢਲੀਆ ਨਬੂਵਤਾਂ ਦਾ ਕਿਸੇ ਨੂੰ ਪਤਾ ਨਹੀਂ ਲੱਗੇਗਾ ਅਤੇ ਬਿਨਾ ਪੂਰਾ ਹੋਏ ਰਹਿ ਜਾਂਦੀਆਂ ਹਨ! ਨਵਾਂ ਨੇਮ ਬਣਾ ਲੈਣ 'ਤੇ ਵੀ ਅਜਿਹਾ ਹੀ ਹੋਣਾ ਸੀ, ਕਿਉਂਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਜਾਣਕਾਰੀ ਦੇ ਬਗੈਰ ਰਸੂਲਾਂ ਦੇ ਕੰਮ ਤੋਂ ਅੱਗੇ ਦੀਆਂ ਸਿੱਖਿਆਵਾਂ ਦਾ ਕੋਈ ਮਤਲਬ ਨਹੀਂ ਰਹਿ ਜਾਣਾ ਸੀ।

ਛੁਟਕਾਰੇ ਲਈ ਖ਼ੁਦਾ ਦੀ ਸ਼ਾਨਦਾਰ ਯੋਜਨਾ ਰਸੂਲਾਂ ਦੇ ਕੰਮ ਕਿਤਾਬ 'ਤੇ ਕੇਂਦਰਤ ਹੈ। ਇਸ ਕਿਤਾਬ ਤੋਂ ਪਹਿਲੇ ਦੀ ਹਰ ਗੱਲ ਇਸ ਵਿਚ ਵਾਪਰਨ ਵਾਲੀਆਂ ਘਟਨਾਵਾਂ ਵੱਲ ਅਗਾਂਹ ਨੂੰ ਇਸ਼ਾਰਾ ਕਰਦੀ ਹੈ; ਇਸ ਕਿਤਾਬ ਦੇ ਬਾਅਦ ਦੀ ਹਰ ਗੱਲ ਉਨ੍ਹਾਂ ਘਟਨਾਵਾਂ ਦੀ ਤਸਦੀਕ ਕਰਦੀ ਹੈ ਜੋ ਰਸੂਲਾਂ ਦੇ ਕੰਮ ਵਿਚ ਲਿਖੀਆਂ ਹਨ। ਰਸੂਲਾਂ ਦੇ ਕੰਮ ਕਿਤਾਬ ਦਾ ਨਿਚੋੜ ਕੱਢਣ 'ਤੇ ਪੂਰੀ ਬਾਈਬਲ ਵਿਚ ਬੇਹੱਦ ਲੋੜ, ਸੰਪੂਰਨਤਾ ਅਤੇ ਏਕਤਾ ਦਾ ਅਹਿਸਾਸ ਹੁੰਦਾ ਹੈ। ਇਸ ਕਿਤਾਬ ਦੇ ਬਗੈਰ ਉਲਝਾਉਣ ਵਾਲੀ ਕਮੀ ਰਹਿ ਜਾਣੀ ਸੀ।

## ਰਸੂਲਾਂ ਦੇ ਕੰਮ ਇਕ ਸ਼ੁਰੂਆਤ ਦੇ ਤੌਰ 'ਤੇ

ਪੁਰਾਣੇ ਨੇਮ ਦੀ ਕਿਤਾਬ ਉਤਪਤ ਵਾਂਗ ਹੀ ਰਸੂਲਾਂ ਦੇ ਕੰਮ ਵੀ ਆਰੰਭ ਦੀ ਕਿਤਾਬ ਹੈ। ਅਸਲ ਵਿਚ ਰਸੂਲਾਂ ਦੇ ਕੰਮ 2 ਅਧਿਆਇ ਦੀਆਂ ਘਟਨਾਵਾਂ ਦੇ ਲਗਭਗ ਦਸ ਸਾਲ ਬਾਅਦ ਪਤਰਸ ਨੇ ਉਨ੍ਹਾਂ ਘਟਨਾਵਾਂ ਨੂੰ ''ਆਰੰਭ'' (ਰਸੂਲਾਂ ਦੇ ਕੰਮ 11:15) ਕਿਹਾ ਸੀ। ਭਾਵੇਂ ਨਵਾਂ ਨੇਮ ਯਿਸੂ ਦੇ ਜੀਵਨ ਦੇ ਬ੍ਰਿਤਾਂਤਾਂ ਦੀਆਂ ਚਾਰ ਜੀਵਨ ਸਾਖੀਆਂ ਨਾਲ ਸ਼ੁਰੂ ਹੁੰਦਾ ਹੈ, ਪਰ ਬਾਈਬਲ ਦੇ ਸੰਜੀਦਾ ਵਿਦਿਆਰਥੀਆਂ ਲਈ ਉਨ੍ਹਾਂ ਹੈਰਾਨ ਕਰਨ ਵਾਲੇ ਆਰੰਭਾਂ ਨੂੰ ਸਮਝਣਾ ਸਹੀ ਅਤੇ ਢੁੱਕਵਾਂ ਹੈ ਜੋ ਰਸੂਲਾਂ ਦੇ ਕੰਮ ਕਿਤਾਬ ਵਿਚ ਹੋਏ। (ਯਿਸੂ ਦੇ ਜੀਵਨ ਦੀਆਂ ਘਟਨਾਵਾਂ, ਉਸ ਦੇ ਸਲੀਬ ਚੜ੍ਹਾਏ ਜਾਣ ਤਕ, ਅਸਲ ਵਿਚ ਮੂਸਾ ਦੀ ਸ਼ਰ੍ਹਾ ਹੇਠ ਵਾਪਰੀਆਂ ਅਤੇ ਇਸ ਕਰਕੇ ਉਹ ਪੁਰਾਣੇ ਨੇਮ ਦੇ ਸਮੇਂ ਵਿਚ ਆਉਂਦੀਆਂ ਸਨ।)

ਪੈਂਟੀਕਾਸਟ ਵਾਲੇ ਦਿਨ (ਰਸੂਲਾਂ ਦੇ ਕੰਮ 2) ਦੀਆਂ ਘਟਨਾਵਾਂ ਵਿਚ ਭਰਪੂਰੀ ਨਾਲ ਖ਼ੁਸ਼ਖ਼ਬਰੀ ਦੇ ਪ੍ਰਚਾਰ ਦਾ ਆਰੰਭ ਮਿਲਦਾ ਹੈ। ਵਿਸ਼ਵਾਸ ਕਰਨ ਵਾਲਿਆਂ ਨੂੰ ਯਿਸੂ ਦੇ ਇਖ਼ਤਿਆਰ ਨਾਲ ਉਹਨੂੰ ਮਸੀਹ ਮੰਨ ਕੇ ''ਰਸੂਲਾਂ ਦੇ ਕੰਮ 2:38 ਤੌਬਾ ਕਰਨ ਅਤੇ ਯਿਸੂ ਮਸੀਹ ਦੇ ਨਾਂਅ 'ਚ'' ਬਪਤਿਸਮਾ ਲੈਣ ਲਈ ਕਿਹਾ ਗਿਆ। ਉਹ ਕਲੀਸੀਆ ਦਾ ਸ਼ੁਰੂਆਤੀ ਸਮਾਂ ਸੀ, ਜੋ ਮਸੀਹ ਨਾਲ ਖ਼ਾਸ ਤੌਰ 'ਤੇ ਜੁੜੇ ਲੋਕਾਂ ਦੀ ਸੱਦੀ ਹੋਈ ਦੇਹ ਸੀ। ਇਹ ਉਹ ਸਮਾਂ ਸੀ ਜਦ ਖ਼ੁਦਾ ਦੀ ਹੈਕਲ ਦੇ ਤੌਰ 'ਤੇ (1 ਕੁਰਿੰਥੀਆਂ 3:16) ਕਲੀਸੀਆ ਨੂੰ ਜ਼ਿੰਦਗੀ ਦੇਣ

ਲਈ ਅਤੇ ਰਸੂਲਾਂ ਨੂੰ ਆਪਣੇ ਕੰਮ ਵਿਚ ਜੋਸ਼ ਦਵਾਉਣ ਲਈ ਸਹਾਇਕ ਦੇ ਤੌਰ 'ਤੇ ਭੇਜੇ ਗਏ ਪਵਿੱਤਰ ਆਤਮਾ ਨੇ ਉਚੇਚੇ ਤੌਰ 'ਤੇ ਆਪਣਾ ਕੰਮ ਸ਼ੁਰੂ ਕੀਤਾ। ਇਹ ਦਿਨ ਇੰਜੀਲ ਦੇ ਪੂਰੀ ਦੁਨੀਆਂ ਵਿਚ ਪ੍ਰਚਾਰ ਕੀਤੇ ਜਾਣ ਦੀ ਸ਼ੁਰੂਆਤ ਸੀ, ਕਿਉਂਕਿ ਅਜਿਹੀ ਸੰਗਤੀ ਦਾ ਭਾਗ ਬਣਨ ਅਤੇ ਸਭ ਲੋਕਾਂ ਨੂੰ ਸਮਝਾਉਣ ਲਈ ਖ਼ੁਦਾ ਦੇ ਲੋਕ ਇਹਦੇ ਵਾਂਗ ਦੁਬਾਰਾ ਨਹੀਂ ਜੁੱਟੇ। ਨਵੇਂ ਨੇਮ ਵਿਚ ਰਸੂਲਾਂ ਦੇ ਕੰਮ ਕਿਤਾਬ ਦੀ ਉਹੀ ਅਹਿਮੀਅਤ ਹੈ ਜੋ ਪੁਰਾਣੇ ਨੇਮ ਵਿਚ ਉਤਪਤ ਦੀ ਕਿਤਾਬ ਦੀ ਹੈ।

ਰਸੂਲਾਂ ਦੇ ਕੰਮ ਵਿਚ ''ਦੋ'' ਲੋਕਾਂ ਦੇ ਫ਼ੌਰੀ ਅਤੇ ਅਸਰਦਾਇਕ ਅਸਰ ਨੂੰ ਵਿਖਾਇਆ ਗਿਆ ਹੈ। ਕਿਤਾਬ ਦੇ ਆਪਣੇ ਆਪ ਵਿਚ ਦੋ ਭਾਗ ਹਨਃ ਅਧਿਆਇ 1 ਤੋਂ 12 ਅਤੇ ਅਧਿਆਇ 13 ਤੋਂ 28. ਦੋ ਖ਼ਾਸ ਪੁਰਖਾਂ ਭਾਵ ਪਤਰਸ ਅਤੇ ਪੌਲੁਸ ਨੇ ਇੰਜੀਲ ਦੀ ਮੁਨਾਦੀ ਦੀਆਂ ਘਟਨਾਵਾਂ ਵਿਚ ਰਹਿਨੁਮਾਈ ਕੀਤੀ ਹੈ। ਇੰਜੀਲ ਦੇ ਪ੍ਰਚਾਰ ਦੀਆਂ ਘਟਨਾਵਾਂ ਦੋ ਖ਼ਾਸ ਸ਼ਹਿਰਾਂ ਯਰੂਸ਼ਲਮ ਅਤੇ ਸੀਰੀਆ ਦੇ ਅੰਤਾਕੀਆ ਵਿਚ ਹੋਈਆਂ। ਦੋ ਵੱਡੇ ਧਾਰਮਿਕ ਸਿਸਟਮ ਯਾਨੀ ਯਹੂਦੀ ਧਰਮ ਅਤੇ ਮਸੀਹੀਅਤ ਨੂੰ ਇਤਿਹਾਸ ਦੇ ਪੰਨਿਆਂ ਵਿਚ ਵਿਖਾਇਆ ਗਿਆ ਹੈ। ਜਿਸ ਵਿਚ ਯਿਸੂ ਨੇ ਮੂਸਾ ਦੀ ਸ਼ਰ੍ਹਾ ਨੂੰ ਪੂਰਾ ਕਰਕੇ ''ਆਜ਼ਾਦੀ ਦੀ ਸਿੱਧ ਸ਼ਰ੍ਹਾ'' ਨੂੰ ਲਾਗੂ ਕੀਤਾ (ਲੂਕਾ 24:44, 45; ਯਾਕੂਬ 1:25)। ਮਸੀਹ ਵਿਚ ਖ਼ੁਦਾ ਦੀ ਸਨਾਤਨ ਮੰਸ਼ਾ ਨੂੰ ਸਮਝਣ ਲਈ ਇਨ੍ਹਾਂ ਦੋ ਸਿਸਟਮਾਂ ਅਤੇ ਇਕ ਦੂਜੇ ਨਾਲ ਇਨ੍ਹਾਂ ਦੇ ਸਬੰਧਾਂ ਨੂੰ ਸਮਝਣਾ ਜ਼ਰੂਰੀ ਹੈ।

## ਰਸੂਲਾਂ ਦੇ ਕੰਮ ਨਬੂਵਤ ਪੂਰਾ ਹੋਣ ਦੇ ਰੂਪ ਵਿਚ

ਆਦਮ ਅਤੇ ਹੱਵਾ ਦੀ ਮੌਜੂਦਗੀ ਵਿਚ ਖ਼ੁਦਾ ਨੇ ਸ਼ੈਤਾਨ ਨੂੰ ਦੱਸਿਆ ਸੀ ਕਿ ਔਰਤ ਦੀ ਸੰਤਾਨ ਸੱਪ ਦੇ ਸਿਰ ਨੂੰ ਫੇਹੇਗੀ (ਉਤਪਤ 3:15)। ਇਹ ਨਬੂਵਤ ਹਜ਼ਾਰਾਂ ਸਾਲ ਬਾਅਦ ਪੂਰੀ ਹੋਈ, ਜਦ ਯਿਸੂ ਨੂੰ ਮਸਹ ਕੀਤਾ ਹੋਇਆ ਰਾਜਾ ਯਾਨੀ ''ਮਸੀਹ'' ਬਣਾਇਆ ਗਿਆ (ਰਸੂਲਾਂ ਦੇ ਕੰਮ 2:36)। ਪਤਰਸ ਨੇ ਰਸੂਲਾਂ ਦੇ ਕੰਮ 2:32, 36 ਵਿਚ ਪ੍ਰਚਾਰ ਕੀਤਾ ਕਿ ਯਿਸੂ ਇਸ ਲਈ ਮਸੀਹ ਬਣਿਆ ਕਿਉਂਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਇਸ ਕਰਕੇ ਉਹ ਖ਼ੁਦਾ ਦਾ ਬੇਟਾ ਸਾਬਿਤ ਹੋ ਚੁਕਿਆ ਹੈ (ਰੋਮੀਆਂ 1:4)। ਉਹਦੇ ਜੀ ਉੱਠਣ ਕਰਕੇ, ਉਹਦੇ ਪਿੱਛੇ ਚੱਲਣ ਵਾਲੇ ਸੱਭ ਲੋਕਾਂ ਦੀ ਫ਼ਤਹਿ ਹੋਵੇਗੀ (1 ਕੁਰਿੰਥੀਆਂ 15:57)। ਇਸ ਧਰਤੀ 'ਤੇ ਆਉਣ, ਸਿੱਖਿਆ ਦੇਣ ਲਈ ਰਹਿਣ, ਮੁਕਤੀ ਲਈ ਮਰਨ ਅਤੇ ਰਾਜ ਕਰਨ ਲਈ ਜੀ ਉੱਠਣ ਤੋਂ ਬਾਅਦ ਯਿਸੂ ਨੇ ''ਬੰਧਨ ਨੂੰ ਬੰਨ੍ਹ ਲਿਆ'' (ਅਫ਼ਸੀਆਂ 4:8)। ਉਹਨੇ ''ਸ਼ੈਤਾਨ ਦੇ ਕੰਮਾਂ ਨੂੰ ਨਸ਼ਟ'' ਕੀਤਾ (1 ਯੂਹੰਨਾ 3:8)। ਉਹਨੇ ਸੱਪ ਦਾ ਸਿਰ ਫੇਂਹ ਦਿੱਤਾ।

ਮੂਸਾ ਨੇ ਵਾਅਦਾ ਕੀਤਾ ਸੀ ਕਿ ਖ਼ੁਦਾ ਉਹਦੇ ਵਰਗਾ ਇਕ ਨਬੀ ਖੜਾ ਕਰੇਗਾ ਜਿਹਦੀ ਹਰ ਕਿਸੇ ਨੂੰ ਸੁਣਨੀ ਜ਼ਰੂਰੀ ਹੈ (ਵਿਵਸਥਾਸਾਰ 18:15-19) । ਰਸੂਲਾਂ ਦੇ ਕੰਮ 3:18-24 ਵਿਚ ਪਤਰਸ ਨੇ ਪ੍ਰਚਰਾ ਕੀਤਾ ਕਿ ਉਹ ਨਬੀ ਯਿਸੂ ਸੀ।

ਖ਼ੁਦਾ ਨੇ ਵਾਅਦਾ ਕੀਤਾ ਸੀ ਕਿ ਮੁਕਤੀਦਾਤਾ ਦਾਊਦ ਦੀ ਸੰਤਾਨ ਵਿੱਚੋਂ ਆਵੇਗਾ (2 ਸਮੂਏਲ 7:12, 13) ਅਤੇ ਪਤਰਸ ਨੇ ਪ੍ਰਚਾਰ ਕੀਤਾ ਕਿ ਇਹ ਨਬੂਵਤ ਉਦੋਂ ਪੂਰੀ ਹੋਈ ਜਦ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ (ਰਸੂਲਾਂ ਦੇ ਕੰਮ 2:30, 31)। ਦਾਊਦ ਨੇ ਇਹ ਲਿਖਤ ਲਿਖਵਾਇਆ ਕਿ ਉਹ ਮਸੀਹ ਤੇਰੀ ਅੰਸ਼ ਹੋਵੇਗਾ। (1 ਇਤਿਹਾਸ 17:11,12) ਅਤੇ ਪਤਰਸ ਦੇ ਉਪਦੇਸ਼ ਵਿਚ ਇਹ ਗੱਲ ਹੈ ਸੀ (ਰਸੂਲਾਂ ਦੇ ਕੰਮ 2:30)।

ਯਸਾਯਾਹ ਨੇ ''ਆਖ਼ਰੀ ਦਿਨਾਂ'' ਦੀ ਉੱਤਮਤਾ ਦੀ ਗੱਲ ਕੀਤੀ, ਜਦ ਮਸੀਹ ਨੇ ਬਚਾਏ ਹੋਏ ਸਭ ਲੋਕਾਂ ਲਈ ਆਉਣਾ ਸੀ (ਯਸਾਯਾਹ 2:1-4)। ਯੋਏਲ ਨੇ ਲਿਖਿਆ ਹੈ ਕਿ ਇਨ੍ਹਾਂ ''ਅੰਤ ਦੇ ਦਿਨਾਂ'' ਵਿਚ ਖ਼ੁਦਾ ਦੇ ਲੋਕਾਂ 'ਤੇ ਆਤਮਾ ਖ਼ਾਸ ਢੰਗ ਨਾਲ ਆਉਣਾ ਸੀ (ਯੋਏਲ 2:28)। ਦਾਨੀਏਲ 2:44 ਵਿਚ ਨਬੂਕਦਨੱਸਰ ਬਾਦਸ਼ਾਹ ਨੂੰ ਉਸ ਵਿਸ਼ਾਲ ਮੂਰਤੀ ਦਾ ਅਰਥ ਦੱਸਦਿਆਂ ਦਾਨੀਏਲ ਨੇ ਕਿਹਾ ਸੀ ਕਿ ''ਉਨ੍ਹਾਂ ਰਾਜਿਆਂ ਦੇ ਦਿਨਾਂ ਵਿਚ'' ਭਾਵ ਜਿਨ੍ਹਾਂ ਰਾਜਿਆਂ ਦਾ ਜ਼ਿਕਰ ਸੁਪਨੇ ਵਿਚ ਕੀਤਾ ਗਿਆ ਸੀ, ਖ਼ੁਦਾ ਦਾ ਰਾਜ ਸ਼ੁਰੂ ਹੋਵੇਗਾ।[1] ਇਹ ਰਾਜ ਸਭ ਰਾਜਾਂ ਨਾਲੋਂ ਸ਼ਕਤੀਸ਼ਾਲੀ ਹੋਣਾ ਸੀ ਅਤੇ ਹਮੇਸ਼ਾ ਤਕ ਰਹਿਣਾ ਸੀ (ਦਾਨੀਏਲ 2:44)। ਪੈਂਟੀਕਾਸਟ ਵਾਲੇ ਦਿਨ ਰਸੂਲਾਂ ਦੇ ਕੰਮ 2 ਅਧਿਆਇ ਦੀਆਂ ਘਟਨਾਵਾਂ ਨਾਲ ਇਹ ਸਭ ਨਬੂਵਤਾਂ ਪੂਰੀਆਂ ਹੋਈਆਂ।[2]

ਆਮੋਸ ਨੇ ''ਦਾਊਦ ਦੇ ਡਿੱਗੇ ਹੋਏ ਡੇਰੇ'' ਨੂੰ ਫੇਰ ਤੋਂ ਖੜ੍ਹਾ ਕਰਨ ਦੀ ਗੱਲ ਕੀਤੀ ਅਤੇ ਕਿਹਾ ਕਿ ਇਕ ਸਮਾਂ ਆਵੇਗਾ ਜਦ ਸਭ ਕੌਮਾਂ ਦੇ ਲੋਕ ਖ਼ੁਦਾ ਦੀ ਸੰਗਤੀ ਵਿਚ ਆਉਣਗੇ (ਆਮੋਸ 9:11, 12)। ਇਹ ਨਬੂਵਤ ਦਾਊਦ ਵੱਲੋਂ ਖ਼ੁਦਾ ਦੇ ਧਰਮਤੰਤਰ (ਥਿਓਕਰੇਸੀ) ਅਤੇ ਕਬੂਲੇ ਜਾਣ ਯੋਗ ਉਸ ਬੰਦਗੀ ਦੀ ਗੱਲ ਕਰਦੀ ਸੀ ਜੋ ਨਬੂਵਤ ਵਾਲੇ ਇਸ ''ਡੇਰੇ'' ਵਿਚ ਖ਼ੁਦਾ ਦੇ ਲੋਕਾਂ ਨਾਲ ਹੋਣੀ ਸੀ। ਯਾਕੂਬ ਨੇ ਕਿਹਾ ਕਿ ਇਹ ਵਾਅਦੇ ਮਸੀਹ ਦੀ ਇੰਜੀਲ ਵਿਚ ਪੂਰੇ ਹੋ ਗਏ ਸਨ (ਰਸੂਲਾਂ ਦੇ ਕੰਮ 15:15-18)।

ਯਿਸੂ ਨੇ ਆਪਣੀ ਕਲੀਸੀਆ ਬਣਾਉਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਪਤਾਲ ਦੇ ਫਾਟਕਾਂ ਦਾ ਉਸ 'ਤੇ ਕੋਈ ਵੱਸ ਨਹੀਂ ਹੋਵੇਗਾ (ਮੱਤੀ 16:18)। ਰਸੂਲਾਂ ਦੇ ਕੰਮ ਕਿਤਾਬ ਦੇ ਬਿਨਾਂ ਸਾਨੂੰ ਕਦੇ ਪਤਾ ਨਹੀਂ ਚਲ ਸਕਣਾ ਸੀ ਕਿ ਕਲੀਸੀਆ ਕਾਮਯਾਬੀ ਨਾਲ ਕਿਵੇਂ ਸ਼ੁਰੂ ਹੋਈ (ਰਸੂਲਾਂ ਦੇ ਕੰਮ 2)। ਬਚਾਏ ਜਾਣ ਵਾਲੇ ਲੋਕ ਖ਼ੁਦਾ ਨਾਲ ਸੰਗਤੀ ਵਿਚ ਮਿਲਾਏ ਜਾਂਦੇ ਸਨ (ਰਸੂਲਾਂ ਦੇ ਕੰਮ 2:41, 47), ਅਤੇ ਉਨ੍ਹਾਂ ਨੂੰ ਸੱਦੇ ਹੋਏ ਲੋਕ ਭਾਵ ਕਲੀਸੀਆ ਆਖਿਆ ਜਾਣ ਲੱਗਾ (ਰਸੂਲਾਂ ਦੇ ਕੰਮ 5:11)।

ਯਿਸੂ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਉਹਦਾ ਰਾਜ ਸਮਰੱਥਾ ਨਾਲ ਆਵੇਗਾ (ਮਰਕੁਸ 9:1) ਅਤੇ ਇਹ ਸਮਰੱਥਾ ਪਵਿੱਤਰ ਆਤਮਾ ਦੇ ਆਉਣ 'ਤੇ ਦਿੱਤੀ ਜਾਵੇਗੀ (ਰਸੂਲਾਂ ਦੇ ਕੰਮ 1:8)। ਉਹ ਸਮਰੱਥਾ ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਦੇ ਰਸੂਲਾਂ ਤੇ ਉਤਰਣ ਵੇਲੇ ਆਈ (ਰਸੂਲਾਂ ਦੇ ਕੰਮ 2:1-4)। ਇਸ ਕਰਕੇ ਮਸੀਹ ਦਾ ਰਾਜ ਆ ਚੁੱਕਾ ਹੋਣਾ ਚਾਹੀਦਾ ਹੈ ਭਾਵ ਇਹ ਧਰਤੀ 'ਤੇ ਕਾਇਮ ਹੋਇਆ ਜਾਂ ਕੰਮ ਕਰ ਰਿਹਾ ਹੋਣਾ ਚਾਹੀਦਾ ਹੈ।

ਰਸੂਲਾਂ ਨੂੰ ਛੱਡਣ ਦੇ ਬਾਅਦ ਯਿਸੂ ਨੇ ਪਵਿੱਤਰ ਆਤਮਾ ਨੂੰ ਸਹਾਇਕ ਦੇ ਤੌਰ 'ਤੇ ਭੇਜਣ ਦਾ ਵਾਅਦਾ ਕੀਤਾ (ਯੂਹੰਨਾ 16:7-13)। ਵਾਅਦੇ ਮੁਤਾਬਕ ਪਵਿੱਤਰ ਆਤਮਾ ਰਸੂਲਾਂ 'ਤੇ ਉੱਤਰਿਆ ਵੀ ਸੀ (ਰਸੂਲਾਂ ਦੇ ਕੰਮ 2:1-4)।

## ਸਾਰ

ਰਸੂਲਾਂ ਦੇ ਕੰਮ ਕਿਤਾਬ ਛੁਟਕਾਰੇ ਦੀ ਖ਼ੁਦਾ ਦੀ ਸ਼ਾਨਦਾਰ ਯੋਜਨਾ ਨੂੰ ਸਮਝਣ ਲਈ ਮੁੱਖ ਕੁੰਜੀ ਹੈ ਜਿਸ ਵਿਚ ਕਿਰਪਾ ਦੀ ਖ਼ੁਸ਼ਖ਼ਬਰੀ ਅਮਲੀ ਰੂਪ ਲੈਂਦੀ ਹੈ। ਰਸੂਲਾਂ ਦੇ ਕੰਮ ਕਿਤਾਬ ਨਾਲ ਨਬੂਵਤਾਂ ਦੇ ਬੱਦਲ ਛੱਟ ਜਾਂਦੇ ਹਨ ਅਤੇ ਉਨ੍ਹਾਂ ਨਬੂਵਤਾਂ ਦੇ ਵੀ ਜੋ ਪੈਂਟੀਕਾਸਟ ਦੇ ਉਸ ਵੱਡੇ ਦਿਨ ਤੋਂ ਪਹਿਲਾਂ ਹੋਈਆਂ ਸਨ। ਇਸ ਕਿਤਾਬ ਦੇ ਬਗ਼ੈਰ ਸਾਨੂੰ ਇਹ ਪੂਰੀ ਤਰ੍ਹਾਂ ਸਮਝ

ਨਹੀਂ ਆ ਸਕਦੀ ਸੀ ਕਿ ਯਿਸੂ ''ਧੰਨ ਅਤੇ ਅਦੁੱਤੀ ਸਰਬਸ਼ਕਤੀਮਾਨ ਹੈ, ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ'' (1 ਤਿਮੋਥਿਉਸ 6:15)।

ਰਸੂਲਾਂ ਦੇ ਕੰਮ ਕਿਤਾਬ ''ਪਹੀਏ ਦਾ ਧੁਰਾ'' ਹੈ ਜਿਹਦੇ ਆਲੇ-ਦੁਆਲੇ ਬਾਈਬਲ ਦੀਆਂ ਹੋਰ ਸਭ ਕਿਤਾਬਾਂ ਘੁੰਮਦੀਆਂ ਹਨ। ਇਸ ਕਿਤਾਬ ਵਿਚ ਮਿਲਣ ਵਾਲੀਆਂ ਵੱਡੀਆਂ ਸੱਚਿਆਈਆਂ ਨੂੰ ਸਮਝਣਾ ਜਰੂਰੀ ਹੈ! ਨਹੀਂ ਤਾਂ ਅਸੀਂ ਇਸ ਭਰਮ ਵਿਚ ਫਸ ਸਕਦੇ ਹਾਂ ਕਿ ਇਹ ਇਨਸਾਨ ਨੇ ਹੀ ਬਣਾਈ ਹੈ। ਨਵੇਂ ਨੇਮ ਦੀ ਕਲੀਸੀਆ ਦੇ ਇਤਿਹਾਸ ਦੀ ਇੱਕੋ-ਇਕ ਕਿਤਾਬ ਦੀ ਸਾਦਗੀ ਨੂੰ ਨਾ ਸਮਝ ਪਾਉਣਾ ਸ਼ਾਇਦ ਹਰ ਡਿਨੋਮੀਨੇਸ਼ਨ ਦੀ ਸਭ ਤੋਂ ਵੱਡੀ ਅਸਫ਼ਲਤਾ ਹੈ। ਜੇ ਉਹ ਇਸ ਕਿਤਾਬ ਨੂੰ ਹੀ ਸਮਝ ਜਾਂਦੇ ਤਾਂ ਉਨ੍ਹਾਂ ਨੂੰ ਸਮਝ ਆ ਜਾਂਦਾ ਸੀ ਕਿ ਡਿਨੋਮੀਨੇਸ਼ਨਾਂ ਭਾਵ ਫਿਰਕੂ ਕਲੀਸੀਆਵਾਂ ਪਾਪ ਲਈ ਖ਼ੁਦਾ ਦਾ ਜਵਾਬ ਨਹੀਂ ਹਨ।

ਇਸ ਕਿਤਾਬ ਵਿਚ ਖ਼ੁਦਾ ਸਾਨੂੰ ਦੱਸਦਾ ਹੈ ਕਿ ਉਹਨੇ ਪਾਪ ਦੀ ਖ਼ਬਰ ਲੈਣ ਲਈ ਕੀ ਯੋਜਨਾ ਬਣਾਈ ਹੈ। ਇਹਦਾ ਹੱਲ ਮਸੀਹ ਦੀ ਰੂਹਾਨੀ ਦੇਹ ਭਾਵ ਕਲੀਸੀਆ ਵਿਚ ਹੀ ਮਿਲਦਾ ਹੈ। ਭਾਵ ਜਿਹਦੇ ਹਮੇਸ਼ਾ ਤਕ ਬਚਾਏ ਜਾਣ ਦਾ ਮਸੀਹੀ ਨੇ ਵਾਅਦਾ ਕੀਤਾ ਸੀ (ਅਫ਼ਸੀਆ 1:22, 23; 5:23)। ਉਹ ਕਲੀਸੀਆ ਕੋਈ ਡਿਨੋਮੀਨੇਸ਼ਨ ਨਹੀਂ ਹੈ ਅਤੇ ਨਾ ਹੀ ਡਿਨੋਮੀਨੇਸ਼ਨਾਂ ਦਾ ਸਮੂਹ। ਹਰ ਡਿਨੋਮੀਨੇਸ਼ਨ ਯਾਨੀ ਫ਼ਿਰਕੂ ਕਲੀਸੀਆ ਮਨੁੱਖੀ ਖੋਜ ਦਾ ਨਤੀਜਾ ਹੈ; ਪ੍ਰਭੂ ਦੀ ਕਲੀਸੀਆ ਮਸੀਹ ਵਿਚ ਖ਼ੁਦਾ ਦੀ ਸਨਾਤਨ ਮੰਸ਼ਾ ਕਰਕੇ ਹੋਂਦ ਵਿਚ ਆਈ (ਅਫ਼ਸੀਆ 3:11)। ਕਿਸੇ ਵੀ ਫ਼ਿਰਕੂ ਕਲੀਸੀਆ ਦੇ ਸ਼ੁਰੂ ਹੋਣ ਤੋਂ ਪਹਿਲਾਂ, ਪਹਿਲੀ ਸਦੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਬਚਾਏ ਗਏ ਸਨ ਅਤੇ ਸਵਰਗ ਜਾਣ ਦੇ ਕਾਬਲ ਹੋ ਸਕੇ ਸਨ। ਓਸੇ ਮੁਕਤੀ ਦਾ ਆਨੰਦ ਅੱਜ ਵੀ ਉਹ ਲੋਕ ਲੈ ਸਕਦੇ ਹਨ ਜੋ ਵਿਸ਼ਵਾਸ ਕਰਕੇ, ਹੁਕਮ ਮੰਨਦੇ ਅਤੇ ਓਸੇ ਤਰ੍ਹਾਂ ਜ਼ਿੰਦਗੀ ਬਿਤਾਉਂਦੇ ਹਨ ਜਿਵੇਂ ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹੀ ਲੋਕਾਂ ਦੀ ਜ਼ਿੰਦਗੀ ਦੱਸੀ ਗਈ ਹੈ।

ਰਸੂਲਾਂ ਦੇ ਕੰਮ ਕਿਤਾਬ ਖ਼ੁਦਾ ਦੀ ਪ੍ਰੇਰਣਾ ਨਾਲ ਲਿਖੀ ਬਾਈਬਲ ਦੀ ਹੋਰ ਕਿਸੇ ਵੀ ਕਿਤਾਬ ਨਾਲੋਂ ਬਹੁਤੀ ਅਹਿਮ ਨਹੀਂ ਹੈ, ਪਰ ਇਹ ਉਨ੍ਹਾਂ ਸਭ ਛਿਆਹਠ ਕਿਤਾਬਾਂ ਨੂੰ ਸਮਝਣ ਦੀ ਕੁੰਜੀ ਹੈ। ਯਕੀਨਨ ਹੀ ਰਸੂਲਾਂ ਦੇ ਕੰਮ ਕਿਤਾਬ ਨਬੂਵਤ ਦਾ ਜਵਾਬ ਹੈ।

---

ਟਿੱਪਣੀਆਂ

[1]ਨਬੂਕਦਨੱਸਰ ਦੇ ਸੁਪਨੇ ਵਿਚ ਚਾਰ ਦੁਨਿਆਵੀ ਰਾਜ ਵਿਖਾਏ ਗਏ ਸਨ। ਉਹਦੇ ਸੁਪਨੇ ਵਾਲੀ ਵੱਡੀ ਮੂਰਤੀ ਦਾ ਸਿਰ ਸੋਨੇ ਦਾ, ਬਾਹਾਂ ਅਤੇ ਛਾਤੀ ਚਾਂਦੀ ਦੀ, ਢਿੱਡ ਅਤੇ ਉਹਦੇ ਪੱਟ ਪਿੱਤਲ ਦੇ, ਲੱਤਾਂ ਲੋਹੇ ਦੀਆਂ ਅਤੇ ਪੈਰ ਮਿੱਟੀ ਦੇ ਸਨ। ਬਾਬੁਲ ਦੇ ਬਾਅਦ ਤਿੰਨ ਹੋਰ ਸ਼ਕਤੀਸ਼ਾਲੀ ਬਾਦਸ਼ਾਹੀਆਂ ਉੱਠੀਆਂ। ਇਸ ਕਰਕੇ ਬਾਬੁਲ ਨੂੰ ਸੋਨੇ, ਮਾਦਾ-ਫਾਰਸ ਹਕੂਮਤ ਨੂੰ ਚਾਂਦੀ, ਯੂਨਾਨੀ ਹਕੂਮਤ ਨੂੰ ਪਿੱਤਲ ਅਤੇ ਰੋਮੀ ਹਕੂਮਤ ਨੂੰ ਲੋਹੇ ਦਾ ਦੱਸਿਆ ਗਿਆ। ਲੋਹੇ ਅਤੇ ਮਿੱਟੀ ਦੇ ਪੈਰ ਚੌਥੀ ਬਾਦਸ਼ਾਹੀ ਵਾਲੇ ਸਨ, ਵੱਖੋ-ਵੱਖ ਬਾਦਸ਼ਾਹੀਆਂ ਵਾਲੇ ਨਹੀਂ। ਦਾਨੀਏਲ 2:34 ਵਾਲਾ ਪੱਥਰ ਉਸ ਮੂਰਤੀ ਦੇ ਖ਼ਿਲਾਫ਼ ਆਇਆ ਅਤੇ ਉਹਨੇ ਲੋਹੇ ਨਾਲ ਮਿਲੀ ਮਿੱਟੀ ਦੇ ਇਹਦੇ ਪੈਰਾਂ 'ਤੇ ਠੋਕਰ ਮਾਰ ਕੇ, ਮੂਰਤੀ ਨੂੰ ਚੂਰ-ਚੂਰ ਕਰ ਦਿੱਤਾ। ਇਹ ਪੱਥਰ ਜੋ ਮਨੁੱਖ ਦੇ ਹੱਥਾਂ ਨਾਲ ਨਹੀਂ ਬਣਿਆ ਸੀ, ਵੱਧਦਾ ਗਿਆ ਅਤੇ ਬਹੁਤ ਵੱਡਾ ਪਹਾੜ ਬਣ ਕੇ ਪੂਰੀ ਧਰਤੀ 'ਤੇ ਫੈਲ ਗਿਆ (ਦਾਨੀਏਲ 2:35)।
[2]ਇਨ੍ਹਾਂ ਨਬੂਵਤਾਂ ਵਿਚ ਪੂਰੀਆਂ ਹੋਈਆਂ ਮੁੱਖ ਧਾਰਨਾਵਾਂ ਸਾਨੂੰ ਉਨ੍ਹਾਂ ਸਿੱਖਿਆਵਾਂ ਨੂੰ ਸਹੀ-ਸਹੀ ਸਮਝਣ ਵਿਚ

ਮਦਦ ਕਰਦੀਆਂ ਹਨ ਜੋ ਮਸੀਹ ਦੇ ਨਾਂਅ ਵਿਚ ਸਿਖਾਈਆਂ ਜਾਣੀਆਂ ਜਰੂਰੀ ਹਨ। ‘‘ਅੰਤ ਦੇ ਦਿਨਾਂ ਵਿਚ’’ (ਯਸਾਯਾਹ 2:2; ਰਸੂਲਾਂ ਕੇ ਕੰਮ 2:17) ‘‘ਉਨ੍ਹਾਂ ਰਾਜਿਆਂ ਦੇ ਦਿਨਾਂ’’ ਦਾ ਸਮਾਨ ਅਰਥੀ ਸ਼ਬਦ ਹੈ (ਦਾਨੀਏਲ 2:44)। ‘‘ਯਹੋਵਾਹ ਦੇ ਭਵਨ ਦਾ ਪਰਬਤ’’ (ਯਸਾਯਾਹ 2:2) ਦੀ ਵਰਤੋਂ ਓਸੇ ਅਰਥ ਵਿਚ ਹੋਈ ਹੈ ਜਿਸ ਵਿਚ ‘‘ਰਾਜ’’ (ਦਾਨੀਏਲ 7:13, 14), ‘‘ਦਾਊਦ ਦੀ ਗੱਦੀ’’ (ਰਸੂਲਾਂ ਦੇ ਕੰਮ 2:30) ਜਾਂ ‘‘ਦਾਊਦ ਦੇ ਡੇਰੇ’’ (ਆਮੋਸ 9:11) ਦੀ। ਬਚਾਏ ਜਾਣ ਦੀਆਂ ਬਰਕਤਾਂ ‘‘ਹਰ ਕੌਮ’’ (ਯਸਾਯਾਹ 2:2) ਅਤੇ ‘‘ਬਹੁਤੀਆਂ ਉੱਮਤਾਂ’’ (ਯਸਾਯਾਹ 2:3) ਦੇ ਲੋਕਾਂ ਲਈ ਸਨ। ‘‘ਸੀਓਨ’‘ (ਯੋਏਲ 2:32) ਉਹ ਥਾਂ ਸੀ ਜਿੱਥੇ ਇਹ ਸਭ ਸ਼ਾਨਦਾਰ ਘਟਨਾਵਾਂ ਸ਼ੁਰੂ ਹੋਈਆਂ ਸਨ। ‘‘ਪਹਾੜੀਆਂ ਤੋਂ ਉੱਚਾ’’ (ਯਸਾਯਾਹ 2:2) ਅਤੇ ‘‘ਯਰੂਸ਼ਲਮ’’ (ਲੂਕਾ 24:47) ਇੱਕੋ ਹੀ ਭੂਗੋਲਿਕ ਥਾਂ ਲਈ ਵਰਤੇ ਗਏ ਹਨ।

© 2009 Truth for Today